بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 26.10.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਬਹੁਤ ਸਾਰੇ ਅਜਿਹੇ ਵਿੱਕਤੀ ਹੋਣਗੇ ਜਿੰਨ੍ਹਾ ਨੇ ਕਦੇ ਖ਼ੂਨ ਨਹੀਂ ਕੀਤਾ ਹੋਵੇਗਾ, ਕਿਸੇ ਨੂੰ ਕਤਲ ਨਹੀਂ ਕੀਤਾ ਹੋਵੇਗਾ, ਸੰਧ ਨਹੀਂ ਲਾਈ, ਚੋਰੀ ਨਹੀਂ ਕੀਤੀ, ਡਾਕਾ ਨਹੀਂ ਮਾਰਿਆ ਅਤੇ ਇਸ ਪ੍ਰਕਾਰ ਦੇ ਵੱਡੇ ਵੱਡੇ ਪਾਪ ਨਹੀਂ ਕੀਤੇ ਪਰ ਪ੍ਰਸ਼ਨ ਇਹ ਹੈ ਕਿ ਉਹ ਲੋਕ ਕਿੰਨ੍ਹੇ ਹਨ ਜਿੰਨ੍ਹਾ ਨੇ ਕਿਸੇ ਦਾ ਗਿਲਾ ਸ਼ਿਕਵਾ ਨਹੀਂ ਕੀਤਾ, ਬਦਜ਼ੰਨੀ ਨਹੀਂ ਕੀਤੀ ਜਾਂ ਆਪਣੇ ਕਿਸੇ ਭਾਈ ਦੀ ਹਤੱਕ ਕਰਕੇ ਉਸ ਨੂੰ ਦੁੱਖ ਨਹੀਂ ਪਹੁੰਚਾਇਆ ਜਾਂ ਝੂਠ ਬੋਲਕੇ ਖ਼ਤਾ ਨਹੀਂ ਕੀਤੀ, ਮੈਂ ਨਿਸ਼ਚੇ ਰੂਪ ਵਿੱਚ ਕਹਿ ਸਕਦਾ ਹਾਂ ਕਿ ਅਜਿਹੇ ਲੋਕ ਬਹੁਤ ਹੀ ਘੱਟ ਹੋਣਗੇ ਜੋ ਇਹਨਾ ਗਲੱਾਂ ਦੀ ਰਿਆਇਤ ਰਖੱਦੇ ਹੋਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 26 ਅਕਤੂਬਰ 2018 ਈ. ਨੂੰ ਮਸਜਿਦ ਬੈਤੁਲ ਸਮੀਅ (ਹੈਵਸਟਨ) ਟੈਕਸਸ ਅਮਰੀਕਾ ਵਿੱਰ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲੱਾਹ ਤਆਲਾ ਦਾ ਸਾਡੇ ਉਪੱਰ ਇਹ ਬਹੁਤ ਵਡੱਾ ਉਪਕਾਰ ਹੈ ਕਿ ਉਸ ਨੇ ਸਾਨੂੰ ਆਪਣੀ ਮਿਹਰ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਣ ਦੀ ਤੋਫ਼ੀਕ ਪ੍ਰਾਦਨ ਕੀਤੀ ਹੈ । ਜਿਸ ਨੂੰ ਹਜ਼ਰਤ ਮੁਹਮੱਦ ਸਲੱਾਹੁ ਅਲੈਹਿ ਵਸਲਮ ਨੇ ਸਾਡੇ ਮਹਦੀ ਦੇ ਨਾਂ ਨਾਲ ਯਾਦ ਕੀਤਾ ਹੈ । ਇਹ ਪਿਆਰ ਤੇ ਨੇੜਤਾ ਦੇ ਪ੍ਰਕਟਨ ਦਾ ਅਤਿ ਉਤੱਮ ਸਥਾਨ ਹੈ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਸਾਡਾ ਕਹਿ ਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਮਹਦੀ ਮਾਹੂਦ ਅਲੈਹਿ ਸਲਾਮ ਨੂੰ ਪ੍ਰਦਾਨ ਕੀਤਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਮੰਨ੍ਹਣ ਵਾਲਿਆਂ ਨੂੰ ਅਤਿ ਪੀੜ੍ਹਾ ਨਾਲ ਬੈਅਤ ਦਾ ਹੱਕ ਪੂਰਾ ਕਰਨ ਤੇ ਮੋਮਨ ਬਣਨ ਵੱਲ ਮਾਰਗਦਰਸ਼ਨ ਕੀਤਾ, ਜਿੰਨ੍ਹਾ ਨੂੰ ਹਰ ਸਮੇਂ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ਅਤੇ ਇਹੋ ਸਾਡੀ ਆਤਮਕ ਸਿੱਖਿਆ ਤੇ ਤਰੱਕੀ ਦਾ ਸਾਧਨ ਹੈ । ਇਹੋ ਸਾਧਨ ਹੈ ਜਿਸ ਰਾਹੀਂ ਅਸੀਂ ਧਰਮ ਦਾ ਗਿਆਨ ਵੀ ਹਾਸਲ ਕਰ ਸਕਦੇ ਹਾਂ ਅਤੇ ਇਹੋ ਸਾਧਨ ਹੈ ਜਿਸ ਰਾਹੀਂ ਅਸੀਂ ਰੱਬ ਦੀ ਨੇੜਤਾ ਪਾਉਣ ਦੇ ਮਾਰਗ ਵੀ ਭਾਲ ਸਕਦੇ ਹਾਂ । ਇਹੋਂ ਸਾਧਨ ਹੈ ਜਿਸ ਰਾਹੀਂ ਅਸੀਂ ਕੁਰਆਨ ਕਰੀਮ ਦੇ ਗੁੱਝੇ ਭੇਦ ਤੇ ਮੁਆਰਫ਼ਤ ਤੱਕ ਪਹੁੰਚ ਸਕਦੇ ਹਾਂ ਅਤੇ ਇਹੋ ਸਾਧਨ ਹੈ ਜਿਸ ਨਾਲ ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਥਾਨ ਤੇ ਮਰਤਬੇ ਨੂੰ ਪਛਾਣ ਸਕਦੇ ਹਾਂ ਅਤੇ ਇਹੋ ਸਾਧਨ ਹੈ ਜਿਸ ਰਾਹੀਂ

ਅਸੀਂ ਆਪਣੀ ਆਸਥਾ ਦੀਆਂ ਅਵਸਥਾਵਾਂ ਨੂੰ ਠੀਕ ਕਰ ਸਕਦੇ ਹਾਂ ਅਤੇ ਇਹੋ ਸਾਧਨ ਹੈ ਜਿਸ ਰਾਹੀਂ ਅਸੀਂ ਆਪਣੇ ਕਰਮ ਰੂਪੀ ਹਾਲਤਾਂ ਵਿੱਚ ਬਿਹਤਰੀ ਲਿਆ ਸਕਦੇ ਹਾਂ । ਇਹ ਬੜੀ ਬਦਕਿਸਮਤੀ ਹੋਵੇਗੀ ਜੇਕਰ ਅਸੀਂ ਇਸ ਖ਼ਜ਼ਾਨੇ ਦੇ ਹੁੰਦਿਆਂ ਹੋਇਆਂ ਵੀ ਇਸ ਤੋਂ ਲਾਭ ਨ ਚੁੱਕੀਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਬਦਾਂ ਵਿੱਚ ਜੋ ਤਾਕਤ ਅਤੇ ਪਵਿੱਤਰ ਸ਼ਕਤੀ ਹੈ, ਉਸ ਦਾ ਪ੍ਰਭਾਵ ਕਿਸੇ ਹੋਰ ਦੇ ਸ਼ਬਦਾਂ ਵਿੱਚ ਨਹੀਂ ਹੋ ਸਕਦਾ ਅਤੇ ਕਿਉਂ ਨ ਹੋਵੇ, ਇਹੋ ਤਾਂ ਉਹ ਇਮਾਮ ਹੈ ਜਿਸਨੂੰ ਰੱਬ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਵਿੱਚ ਇਸਲਾਮ ਦੇ ਪੁਨਰ ਉਥੱਾਨ ਅਤੇ ਰੱਬ ਦੀ ਨੇੜਤਾ ਹਾਸਲ ਕਰਨ ਲਈ ਇਸ ਜ਼ਮਾਨੇ ਵਿੱਚ ਭੇਜਿਆ ਹੈ । ਸੋ, ਸਾਡਾ ਫ਼ਰਜ਼ ਹੈ ਕਿ ਆਪ ਦੇ ਸ਼ਬਦਾਂ ਨੂੰ ਪੜ੍ਹੀਏ ਤੇ ਸੁਣੀਏ ਅਤੇ ਇਸ'ਤੇ ਅਮਲ ਕਰਨ ਦਾ ਜਤਨ ਕਰੀਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਫ਼ਰਾਮਨਾ ਦੇ ਚਾਨ੍ਹਣੇ ਵਿੱਚ ਹਰ ਕੋਈ ਆਪਣਾ ਜਾਇਜ਼ਾ ਲੈ ਸਕਦਾ ਹੈ ਕਿ ਅਸੀਂ ਕਿੱਥੇ ਖੜੇ ਹਾਂ ਅਤੇ ਸਾਨੂੰ ਕਿੱਥੇ ਹੋਣਾ ਚਾਹੀਦਾ ਹੈ । ਤਕਵਾ (ਸੰਜਮਤਾ) ਕੀ ਹੈ, ਤਕਵਾ ਦਾ ਮਿਆਰ ਕੀ ਹੋਣਾ ਚਾਹੀਦਾ ਹੈ, ਨੇਕੀ ਕੀ ਹੈ ਨੇਕੀ ਦਾ ਮਿਆਰ ਕੀ ਹੋਣਾ ਚਾਹੀਦਾ ਹੈ, ਸਾਡੀਆਂ ਜ਼ਿੰਮੇਦਾਰੀਆਂ ਕੀ ਹਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਸਚੱਾ 'ਤਕਵਾ' ਜਿਸ ਤੋਂ ਰੱਬ ਰਾਜ਼ੀ ਹੋਵੇ, ਉਸ ਨੂੰ ਹਾਸਲ ਕਰਨ ਲਈ ਰੱਬ ਨੇ ਵਾਰ ਵਾਰ ਫ਼ਰਮਾਇਆ ਹੈ ਕਿ 'ਯਾ ਅਯੁੱ ਹਲੱਜ਼ੀਨਾ ਆਮਾਨੁਤੱਾਕੁਲੱਾਹਾ' (يَآيُّهَا الَّذِيْنَ اٰمَنُوا اتَّقُوا اللّٰهَ) ਕਿ ਇਮਾਨ ਲਿਆਉਣ ਵਾਲਿਓ, ਅਲੱਾਹ ਦਾ ਤਕਵਾ ਧਾਰਨ ਕਰੋ ਅਤੇ ਫਿਰ ਇਹ ਵੀ ਕਿਹਾ ਕਿ 'ਇਨੱਲੱਾਹਾ ਮਾਅਲੱਜ਼ੀਨਤੱਾਕੌ ਵਲੱਜ਼ੀਨਾ ਹੁਮ ਮੁਹਸਿਨੂਨ' ( إِنَّ اللّٰهَ مَعَ الَّذِيْنَ اتَّقَوْا وَّالَّذِيْنَ هُمْ مُّحْسِنُوْنَ) ਅਰਥਾਤ ਅਲੱਾਹ ਤਆਲਾ ਉਹਨਾਂ ਦੀ ਹਿਮਾਇਤ ਤੇ ਮਦਦ ਵਿੱਚ ਹੁੰਦਾ ਹੈ ਜੋ ਤਕਵਾ (ਸੰਜਮਤਾ) ਧਾਰਨ ਕਰਦੇ ਹਨ ।

'ਤਕਵਾ' ਕਹਿੰਦੇ ਹਨ ਬਦੀ ਤੋਂ ਪਰਹੇਜ਼ ਕਰਨ ਨੂੰ ਅਤੇ 'ਮੁਹਸਿਨੂਨ' ਉਹ ਹੁੰਦੇ ਹਨ ਜੋ ਐਨ੍ਹਾ ਹੀ ਨਹੀਂ ਕਿ ਬਦੀ ਤੋਂ ਪਰਹੇਜ਼ ਕਰਨ ਸਗੋਂ ਨੇਕੀ ਕਰਨ ਅਤੇ ਫਿਰ ਇਹ ਵੀ ਕਿ ਫ਼ਰਮਾਇਆ : ਲਿਲੱਾਜ਼ੀਨਾ ਅਹਸਾਨੁਲ ਹੁਸਨਾ' (لِلَّذِيْنَ اَحْسَنُوا الْحُسْنٰى) ਅਰਥਾਤ ਉਹ ਨੇਕੀਆਂ ਨੂੰ ਸੁਆਰ ਸੁਆਰ ਕੇ ਕਰਦੇ ਹਨ । ਫ਼ਰਮਾਉਂਦੇ ਹਨ ਕਿ ਮੈਂ ਨੂੰ ਇਹ ਵਹੀ (ਅਕਾਸ਼ਬਾਣੀ) ਵਾਰ ਵਾਰ ਹੋਈ 'ਇਨੱਲੱਾਹਾ ਮਾਅਲੱਜ਼ੀਨਤੱਾਕੌ ਵਲੱਜ਼ੀਨਾ ਹੁਮ ਮੁਹਸਿਨੂਨ' ( إِنَّ اللّٰهَ مَعَ الَّذِيْنَ اتَّقَوْا وَّالَّذِيْنَ هُمْ مُّحْسِنُوْنَ) ਅਤੇ ਐਨ੍ਹੀ ਵਾਰ ਹੋਈ ਹੈ ਕਿ ਮੈਂ ਗਿਣ ਨਹੀਂ ਸਕਦਾ । ਆਪ ਫ਼ਰਮਾਉਂਦੇ ਹਨ ਰੱਬ ਜਾਣੇ ਦੋ ਹਜ਼ਾਰ ਵਾਰ ਹੋਈ ਹੋਵੇ । ਇਸ ਤੋਂ ਭਾਵ ਇਹੋ ਹੈ ਕਿ ਜਮਾਤ ਨੂੰ ਪਤਾ ਲੱਗ ਜਾਏ ਕਿ ਕੇਵਲ ਇਸ ਗੱਲ'ਤੇ ਹੀ ਮਗਨ ਨਹੀਂ ਹੋ ਜਾਣਾ ਚਾਹੀਦਾ ਕਿ ਅਸੀਂ ਜਮਾਤ ਵਿੱਚ ਸ਼ਾਮਲ ਹੋ ਗਏ ਹਾਂ । ਰੱਬ ਦੀ ਨੇੜਤਾ ਤੇ ਮਦਦ ਉਸੇ ਸਮੇਂ ਮਿਲੇਗੀ ਜੱਦ ਸਚੱਾ ਤਕਵਾ ਅਤੇ ਫਿਰ ਨੇਕੀ ਨਾਲ ਹੋਵੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਕੁਝ ਮੋਟੇ ਮੋਟੇ ਪਾਪ ਹੁੰਦੇ ਹਨ ਉਧਾਰਣ ਲਈ ਝੂਠ ਬੋਲਣਾ, ਵਿਭਚਾਰ ਕਰਨਾ, ਬੇਇਮਾਨੀ ਕਰਨੀ, ਝੂਠੀ ਗਵਾਹੀ ਦੇਣੀ ਅਤੇ ਹੱਕ ਮਾਰਨੇ, ਸ਼ਿਰਕ ਕਰਨਾ ਆਦਿ ਪਰੰਤੂ ਕੁਝ ਪਾਪ ਅਜਿਹੇ ਬਰੀਕ ਤੇ ਸੂਖਮ ਹੁੰਦੇ ਹਨ ਕਿ ਮਨੁੱਖ ਉਸ ਵਿੱਚ ਗ੍ਰਿਸਿਆ ਜਾਂਦਾ ਹੈ ਅਤੇ ਸਮਝਦਾ ਹੀ ਨਹੀਂ । ਜਵਾਨੀ ਤੋਂ ਬੁਢੱਾ ਹੋ ਜਾਂਦਾ ਹੈ ਪਰ ਉਸ ਨੂੰ ਪਤਾ ਹੀ ਨਹੀਂ ਲਗੱਦਾ ਕਿ ਪਾਪ ਕਰਦਾ ਹੈ, ਉਧਾਰਣ ਲਈ ਗਿਲਾ ਸ਼ਿਕਵਾ ਕਰਨ ਦੀ ਆਦਤ ਹੈ । ਲੋਕ ਇਸ ਨੂੰ ਬਿਲਕੁਲ, ਸਾਧਾਰਣ ਜਿਹੀ ਅਤੇ ਨਿੱਕੀ ਜਿਹੀ ਗੱਲ ਸਮਝਦੇ

ਹਨ ਜੱਦਕਿ ਕੁਰਆਨ ਕਰੀਮ ਨੇ ਇਸ ਨੂੰ ਬਹੁਤ ਵੱਡੀ ਕਰਾਰ ਦਿਤੱਾ ਹੈ । ਸੋ, ਫ਼ਰਮਾਇਆ 'ਆ ਯੁਹਿੱਬੁ ਆਹਦੁਕੁਮ ਅੰਯਾਕੁਲਾ ਲਹਮਾ ਅਖ਼ੀਹਿ ਮੈਤਾ' (اَیُحِبُّ اَحَدُکُمۡ اَنۡ یَّاۡکُلَ لَحۡمَ اَخِیۡہِ مَیۡتًا ۔)

ਰੱਬ ਉਸ ਤੋਂ ਨਰਾਜ਼ ਹੁੰਦਾ ਹੈ ਕਿ ਮਨੁੱਖ ਅਜਿਹੀ ਗੱਲ ਮੂੰਹ'ਤੇ ਲਿਆਵੇ ਜਿਸ ਨਾਲ ਉਸਦੇ ਭਾਈ ਦਾ ਅਪਮਾਨ ਹੋਵੇ । ਰੱਬ ਨੇ ਫ਼ਰਮਾਇਆ ਕਿ ਕੀ ਤੁਸੀਂ ਇਸ ਗੱਲ ਨੂੰ ਪਸੰਦ ਕਰਦੇ ਹੋ ਕਿ ਤੁਸੀਂ ਆਪਣੇ ਮੁਰਦਾ ਭਾਈ ਦਾ ਮਾਸ ਖਾਓ । ਆਪ ਫ਼ਰਮਾਉਂਦੇ ਹਨ ਕਿ ਇਕ ਭਾਈ ਬਾਰੇ ਅਜਿਹੀ ਗਲ ਕਹਿਣੀ ਜਿਸ ਨਾਲ ਉਸ ਦਾ ਜਾਹਲ, ਮੂਰਖ ਜਾਂ ਨਾਦਾਨ ਹੋਣਾ ਸਾਬਤ ਹੁੰਦਾ ਹੋਵੇ, ਇਹ ਸਾਰੇ ਭੈੜੇ ਕੰਮ ਹਨ । ਫ਼ਰਮਾਇਆ ਅਜਿਹਾ ਹੀ ਕੰਜੂਸੀ ਹੈ, ਗੁਸੱਾ ਹੈ, ਇਹ ਸਾਰੇ ਬੁਰੇ ਕੰਮ ਹਨ । ਸੋ, ਰੱਬ ਦੇ ਇਸ ਫ਼ਰਮਾਨ ਅਨੁਸਾਰ ਪਹਿਲਾ ਦਰਜਾ ਇਹ ਹੈ ਕਿ ਮਨੁੱਖ ਇਹਨਾ ਤੋਂ ਪਰਹੇਜ਼ ਕਰੇ ਅਤੇ ਹਰ ਪ੍ਰਕਾਰ ਦੇ ਪਾਪਾਂ ਤੋਂ ਭਾਵੇਂ ਅਖੱਾਂ ਦਾਲ ਸੰਬੰਧਤ ਹੋਵੇ ਜਾਂ ਕੰਨ੍ਹਾ ਨਾਲ ਸੰਬੰਧਤ ਹੋਵੇ ਜਾਂ ਹੱਥਾਂ ਪੈਰ੍ਹਾਂ ਦਾ ਹੋਵੇ ਬਚਦਾ ਰਹੇ ।

ਆਪ ਫ਼ਰਮਾਉਂਦੇ ਹਨ : ਦਿਲ ਵਿੱਚ ਜੋ ਖ਼ਤਰੇ ਤੇ ਸਰਸਰੇ ਜਿਹੇ ਵਿਚਾਰ ਲੰਘ ਜਾਂਦੇ ਹਨ, ਉਹਨਾ ਲਈ ਕੋਈ ਪੁੱਛਗਿੱਛ ਨਹੀਂ ਹੈ । ਉਧਾਰਣ ਲਈ ਕਿਸੇ ਦੇ ਦਿਲ ਵਿੱਚ ਲੰਘੇ ਕਿ ਫਲਾਣਾ ਮਾਲ ਮੈਨੂੰ ਮਿਲ ਜਾਏ ਤਾਂ ਚੰਗਾ ਹੈ । ਇਹ ਇਕ ਪ੍ਰਕਾਰ ਦਾ ਲਾਲਚ ਤਾਂ ਹੈ ਪਰ ਕੇਵਲ ਐਨ੍ਹੇ ਹੀ ਵਿਚਾਰ ਨਾਲ ਜੋ ਸੁਭਾਵਕ ਰੂਪ ਵਿੱਚ ਦਿਲ ਵਿੱਚ ਆਉਂਦਾ ਹੈ ਅਤੇ ਲੰਘ ਜਾਏ ਤਾਂ ਕੋਈ ਪੁੱਛਗਿੱਛ ਨਹੀਂ ਪਰੰਤੂ ਜੱਦ ਇਸੇ ਵਿਚਾਰ ਨੂੰ ਮਨ ਵਿੱਚ ਥਾਂ ਦਿੰਦਾ ਹੈ ਅਤੇ ਫਿਰ ਨਿਸ਼ਚਾ ਕਰਦਾ ਹੈ ਕਿ ਕਿਸੇ ਨ ਕਿਸੇ ਹੀਲੇ ਉਹ ਮਾਲ ਜ਼ਰੂਰ ਲੈਂਣਾ ਚਾਹੀਦਾ ਹੈ ਤਾਂ ਫਿਰ ਰੱਬ ਫੜਦਾ ਹੈ ।

ਆਪ ਫ਼ਰਮਾਉਂਦੇ ਹਨ ਕਿ ਬਹੁਤ ਸਾਰੇ ਅਜਿਹੇ ਵਿਅਕਤੀ ਹੋਣਗੇ ਜਿੰਨ੍ਹਾ ਨੇ ਕਦੇ ਖ਼ੂਨ ਨਹੀਂ ਕੀਤਾ ਹੋਵੇਗਾ, ਕਿਸੇ ਨੂੰ ਕਤਲ ਨਹੀਂ ਕੀਤਾ ਹੋਵੇਗਾ, ਸੰਧ ਨਹੀਂ ਲਾਈ, ਚੋਰੀ ਨਹੀਂ ਕੀਤੀ, ਡਾਕਾ ਨਹੀਂ ਮਾਰਿਆ ਅਤੇ ਇਸ ਪ੍ਰਕਾਰ ਦੇ ਵੱਡੇ ਵੱਡੇ ਪਾਪ ਨਹੀਂ ਕੀਤੇ ਪਰ ਪ੍ਰਸ਼ਨ ਇਹ ਹੈ ਕਿ ਉਹ ਲੋਕ ਕਿੰਨ੍ਹੇ ਹਨ ਜਿੰਨ੍ਹਾ ਨੇ ਕਿਸੇ ਦਾ ਗਿਲਾਸ਼ਿਕਵਾ ਨਹੀਂ ਕੀਤਾ, ਕਿਸੇ ਦੇ ਪਿੱਛੇ ਕੋਈ ਗੱਲ ਨਹੀਂ ਕੀਤੀ, ਬਦਜ਼ੰਨੀ ਨਹੀਂ ਕੀਤੀ ਜਾਂ ਕਿਸੇ ਆਪਣੇ ਭਾਈ ਦੀ ਹਤੱਕ ਕਰਕੇ ਉਸ ਨੂੰ ਦੁਖੱ ਨਹੀਂ ਪਹੁੰਚਾਇਆ ਜਾਂ ਝੂਠ ਬੋਲਕੇ ਖ਼ਤਾ ਨਹੀਂ ਕੀਤੀ । ਮੈਂ ਨਿਸ਼ਚੇ ਰੂਪ ਵਿੱਚ ਕਹਿ ਸਕਦਾ ਹਾਂ ਕਿ ਅਜਿਹੇ ਲੋਕ ਬਹੁਤ ਘੱਟ ਹੋਣਗੇ ਜੋ ਇਹਨਾ ਗਲੱਾਂ ਦੀ ਰਿਆਇਤ ਰਖੱਦੇ ਹੋਣ ਜਿੰਨ੍ਹਾ ਨੇ ਕਿਸੇ ਨੂੰ ਦੁੱਖ ਨਹੀਂ ਪਹੁੰਚਾਇਆ ਹੋਵੇ, ਬਦਜ਼ੰਨੀ ਨ ਕੀਤੀ ਹੋਵੇ, ਝੂਠ ਨੇ ਬੋਲਿਆ ਹੋਵੇ, ਮਨ ਵਿੱਚ ਭੈੜੇ ਵਿਚਾਰ ਨ ਲਿਆਏ ਹੋਣ ।

ਫਿਰ ਆਪ ਫਰਮਾਉਂਦੇ ਹਨ, ਰੱਬ ਫ਼ਰਮਾਉਂਦਾ ਹੈ ਕਿ ਮਨੁੱਖ ਤਕਵਾ (ਸੰਜਮਤਾ) ਧਾਰਨ ਕਰੇ । ਅਲੱਾਹ ਤਆਲਾ ਦੁਨੀਆ ਵਿੱਚ ਇਕਈਸ਼ਵਰਵਾਦ ਫ਼ੈਲਾਉਂਣਾ ਚਾਹੁੰਦਾ ਹੈ ਪਰ ਜੋ ਵਿਅਕਤੀ ਆਪਣੇ ਭਾਈ ਨੂੰ ਦੁੱਖ ਪਹੁੰਚਾਉਂਦਾ ਹੈ, ਜ਼ੁਲਮ ਤੇ ਬੇਈਮਾਨੀ ਕਰਦਾ ਹੈ ਉਹ ਵਹਦਤ (ਇਕ ਰੱਬ) ਦਾ ਦੁਸ਼ਮਣ ਹੈ । ਜੱਦ ਤੱਕ ਇਹ ਭੈੜਾ ਵਿਚਾਰ ਮਨ ਵਿੱਚੋਂ ਦੂਰ ਨ ਹੋਵੇ ਕਦੇ ਸੰਭਵ ਨਹੀਂ ਕਿ ਸੱਚੀ ਏਕਤਾ (ਇਕ ਰੱਬ ਦਾ ਵਿਚਾਰ) ਫੈਲੇ । ਵਾਰ ਵਾਰ ਕੁਰਆਨ ਕਰੀਮ ਨੂੰ ਪੜ੍ਹੋ ਅਤੇ ਤੁਹਾਨੂੰ ਚਾਹੀਦਾ ਹੈ ਕਿ ਬੁਰੇ ਕੰਮਾ ਦਾ ਵਿਸਥਾਰ ਲਿਖੱਦੇ ਜਾਓ ਅਤੇ ਫਿਰ ਰੱਬ ਦੀ ਮਿਹਰ ਤੇ ਮਦਦ ਨਾਲ ਜਤਨ ਕਰੋ ਕਿ ਇਹਨਾਂ ਬੁਰਾਈਆਂ ਤੋਂ ਬਚਦੇ ਰਹੋ । ਇਹ 'ਤਕਵਾ' ਦਾ ਪਹਿਲਾ ਪੜ੍ਹਾਅ ਹੈ, ਜੱਦ ਤੁਸੀਂ ਅਜਿਹੇ ਜਤਨ ਕਰੋਗੇ ਤਾਂ ਰੱਬ ਫਿਰ ਤੁਹਾਨੂੰ ਬਚਣ ਦਾ ਸੰਜੋਗ ਪ੍ਰਦਾਨ ਕਰੇਗਾ ਅਤੇ ਉਹ ਕਾਫ਼ੂਰੀ ਸ਼ਰਬਤ ਤੁਹਾਨੂੰ ਦਿਤੱਾ ਜਾਵੇਗਾ ਜਿਸ ਨਾਲ ਤੁਹਾਡੇ ਪਾਪ ਦੀਆਂ ਭਾਵਨਾਵਾਂ ਉਕੱਾ ਹੀ ਢੰਡੀਆਂ ਹੋ ਜਾਣਗੀਆਂ । ਜੱਦ ਤੱਕ ਮਨੁੱਖ ਮੁਤੱਕੀ (ਸੰਜਮੀ) ਨਹੀਂ ਬਣਦਾ ਇਹ ਜਾਮ ਉਸ ਨੂੰ ਨਹੀਂ ਦਿਤੱਾ ਜਾਂਦਾ ਅਤੇ ਨ ਉਸ ਦੀਆਂ ਇਬਾਦਤਾਂ ਅਤੇ ਦੁਆਵਾਂ ਵਿੱਚ ਪਰਵਾਨਗੀ ਦਾ ਰੰਗ ਪੈਦਾ ਹੁੰਦਾ ਹੈ ਕਿਉਕਿ ਰੱਬ ਫ਼ਰਮਾਉਂਦਾ ਹੈ ਕਿ ਇਨੱਮਾ ਯਤਾਕਬੱਾਲੁਲੱਾਹੁ

ਮਿਨਲ ਮੁਤੱਕੀਨ ( اِنَّمَا يَتَقَبَّلُ اللّٰهُ مِنَ الْمُتَّقِيْنَ) ਅਰਥਾਤ ਬੇਸ਼ਕ ਰੱਬ ਮੁਤੱਕੀਆਂ (ਸੰਜਮੀਆਂ) ਦੀ ਹੀ ਇਬਾਦਤ ਕੁਬੂਲ ਕਰਦਾ ਹੈ । ਇਹ ਗੱਲ ਬਿਲਕੁਲ ਸੱਚੀ ਹੈ ਕਿ ਨਮਾਜ਼ ਰੋਜ਼ੇ ਵੀ ਮੁਤੱਕੀਆਂ ਦੇ ਹੀ ਕੁਬੂਲ ਹੁੰਦੇ ਹਨ ।

ਹਜ਼ਰਤ ਮਸੀਹ ਮੌਊਦ ਅਲੈਅਹਿ ਸਲਾਮ ਨੇ ਫ਼ਰਮਾਇਆ : ਨਮਾਜ਼ ਦੀ ਪਰਵਾਨਗੀ ਤੋਂ ਭਾਵ ਇਹ ਹੈ ਕਿ ਨਮਾਜ਼ ਦੇ ਪ੍ਰਭਾਵ ਅਤੇ ਬਰਕਤਾਂ ਨਮਾਜ਼ ਪੜ੍ਹਨ ਵਾਲੇ ਵਿੱਚ ਪੈਦਾ ਹੋ ਗਏ ਹਨ ਅਤੇ ਜੱਦ ਤੱਕ ਉਹ ਬਰਕਤਾਂ ਤੇ ਪ੍ਰਭਾਵ ਪੈਦਾ ਨ ਹੋਣ ਤਾਂ ਨਿਰੀਆਂ ਟਕੱਰਾਂ ਹਨ । ਫ਼ਰਮਾਇਆ : ਉਹਦੇਦਾਰਾਂ ਨੂੰ ਵਿਸ਼ੇਸ਼ ਰੂਪ ਵਿੱਚ ਇਸ ਗੱਲ ਦਾ ਖ਼ਿਆਲ ਰਖੱਣਾ ਚਾਹੀਦਾ ਹੈ ਕਿ ਆਪਣੀ ਜਮਾਤ ਦੀਆਂ ਸਭਾਵਾਂ ਦੀਆਂ ਗਲੱਾਂ ਨ ਆਪਣੇ ਘਰਾਂ ਵਿੱਚ ਨ ਕਿਸੇ ਗ਼ੈਰ ਜ਼ਰੂਰੀ ਵਿਅਕਤੀ ਦੇ ਸਾਹਮਣੇ ਕਰਨ ਦੀ ਲੋੜ ਹੈ । ਇਸ ਗੱਲ'ਤੇ ਪਾਬੰਦੀ ਹੋਣੀ ਚਾਹੀਦੀ ਹੈ । ਬਹੁਤ ਸਾਰੇ ਨੌਜੁਆਨ, ਉਹਦੇਦਾਰਾਂ ਦੀਆ ਅਜਿਹੀਆਂ ਗਲੱਾਂ ਦੇਖਕੇ ਹੀ ਪਹਿਲਾਂ ਹੋਲ੍ਹੀ ਹੋਲ੍ਹੀ ਜਮਾਤ ਤੋਂ ਦੂਰ ਹਟੇ, ਮਸਜਿਦ ਤੋਂ ਦੂਰ ਹਟੇ, ਫਿਰ ਇਬਾਦਤਾਂ ਤੋਂ ਦੂਰ ਹਟੇ, ਫਿਰ ਰੱਬ ਤੋਂ ਦੂਰ ਹੋ ਜਾਂਦੇ ਹਨ । ਸੋ, ਜੇਕਰ ਅਗਲੀ ਨਸਲ ਨੂੰ ਸੰਭਾਲਣਾ ਹੈ ਤਾਂ ਸਾਰਿਆਂ ਤੋਂ ਪਹਿਲਾਂ ਵੱਡਿਆਂ ਅਤੇ ਉਹਦੇਦਾਰਾਂ ਨੂੰ ਆਪਣੇ ਅੰਦਰ ਤਕਵਾ (ਸੰਜਮਤਾ) ਪੈਦਾ ਕਰਨ ਦੀ ਲੋੜ ਹੈ ।

ਫਿਰ ਇਕ ਹੋਰ ਥਾਂ ਆਪ ਫ਼ਰਮਾਉਂਦੇ ਹਨ, ਇਕ ਮੌਕੇ'ਤੇ ਕਿ ਇਹ ਵੀ ਚੇਤੇ ਰੱਖੋ ਕਿ ਤਕਵਾ ਇਸ ਦਾ ਨਾਂ ਨਹੀਂ ਕਿ ਮੋਟੀ ਮੋਟੀ ਬੁਰਾਈਆਂ ਤੋਂ ਪਰਹੇਜ਼ ਕਰੇ ਸਗੋਂ ਬਰੀਕ ਤੇ ਸੂਖਮ ਬੁਰਾਈਆਂ ਤੋਂ ਵੀ ਬਚਦਾ ਰਹੇ । ਚੇਤੇ ਰੱਖੋ ਅਤੇ ਕੁਰਆਨ ਕਰੀਮ ਨੂੰ ਵਾਰ ਵਾਰ ਪੜ੍ਹਕੇ ਸੋਚੋ ਕਿਉਂਕਿ ਰੱਬ ਦਾ ਹੁਕਮ ਹੈ, ਇਸ ਲਈ ਬਹੁਤ ਚੇਤੇ ਰਖੱਣ ਦੀ ਚੀਜ਼ ਹੈ । ਫਿਰ ਫ਼ਰਮਾਇਆ ਕਿ ਇਕ ਮੋਮਨ ਕੇਵਲ ਇਸ ਗੱਲ'ਤੇ ਖ਼ੁਸ਼ ਨਹੀਂ ਹੋ ਜਾਂਦਾ ਕਿ ਉਸ ਨੇ ਕੋਈ ਬੁਰਾਈ ਨਹੀਂ ਕੀਤੀ । ਰੱਬ ਫ਼ਰਮਾਉਂਦਾ ਹੈ ਕਿ ਐਨ੍ਹੀ ਹੀ ਗੱਲ ਨਾਲ ਰਾਜ਼ੀ ਨਹੀਂ ਹੋ ਜਾਂਦਾ ਸਗੋਂ ਬਦੀਆਂ ਤੋਂ ਬਚਣ ਤੋਂ ਬਿਨਾ ਨੇਕੀਆਂ ਕਰਨੀਆਂ ਚਾਹੀਦੀਆਂ ਹਨ, ਇਸ ਤੋਂ ਬਿਨਾ ਨੇਕੀ ਨਹੀਂ । ਜੋ ਇਸ ਗੱਲ'ਤੇ ਹੰਕਾਰੀ ਹੈ ਕਿ ਉਹ ਬੁਰਾਈ ਨਹੀਂ ਕਰਦਾ ਤਾਂ ਉਹ ਮੂਰਖ ਹੈ । ਇਸਲਾਮ ਮਨੁੱਖ ਨੂੰ ਇਸੇ ਹੱਦ ਤੱਕ ਨਹੀਂ ਪਹੁੰਚਾਉਂਦਾ ਅਤੇ ਛਡੱਦਾ ਸਗੋਂ ਉਹ ਦੋਵੇਂ ਗਲੱਾਂ ਪੂਰੀਆਂ ਕਰਵਾਉਂਣਾ ਚਾਹੁੰਦਾ ਹੈ ਅਰਥਾਤ ਬਦੀਆਂ ਨੂੰ ਪੂਰੀ ਤਰ੍ਹਾਂ ਛੱਡ ਦਿਓ ਅਤੇ ਨੇਕੀਆਂ ਨੂੰ ਪੂਰੀ ਸਚੱਾਈ ਨਾਲ ਧਾਰਨ ਕਰੋ । ਜੱਦ ਤੱਕ ਇਹ ਦੋਵੇਂ ਗਲੱਾਂ ਨਹੀਂ ਹੋਣਗੀਆਂ ਮੁਕਤੀ ਨਹੀਂ ਹੋ ਸਕਦੀ ।

ਆਪ ਫ਼ਰਮਾਉਂਦੇ ਹਨ ਕਿ ਰੱਬ ਚਾਹੁੰਦਾ ਹੈ ਕਿ ਕਰਮਕ ਸੁਧਾਰ ਦਿਖਾਓ ਅਰਥਾਤ ਅਮਲੀ ਰੂਪ ਵਿੱਚ ਸਚੱਾਈ ਨੂੰ ਪ੍ਰਕਟ ਕਰੋ ਤਾਂ ਜੋ ਉਹ ਤੁਹਾਡੇ ਨਾਲ ਹੋਵੇ । ਰਹਿਮ, ਨੇਕੀ, ਉਪਕਾਰ, ਨੇਕ ਕਾਰਜ, ਹਮਦਰਦੀ, ਸੁਭਾਵ ਅਤੇ ਵਿਨਮ੍ਰਤਾ ਵਿੱਚ ਜੇਕਰ ਕਮੀ ਰੱਖੋਗੇ ਤਾਂ ਮੈਂਨੂੰ ਪਤਾ ਹੈ ਕਿ ਸਭ ਤੋਂ ਪਹਿਲਾਂ ਅਜਿਹੀ ਜਮਾਤ ਹੀ ਹਲਾਕ ਹੋਵੇਗੀ। ਫਿਰ ਆਪ ਸਹਾਬਾ ਦੀ ਉਧਾਰਣ ਦਿੰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਸਹਾਬਾ ਨੇ ਜੋ ਨਮੂਨੇ ਦਿਖਾਏ ਉਹ ਕੀ ਸਨ । ਰੱਬ ਦੇ ਮਾਰਗ ਵਿੱਚ ਜਾਨ ਦੇਣ ਨੂੰ ਤਿਆਰ ਹੋ ਗਏ । ਸੋ, ਇਹ ਹਾਲਤ ਮਨੁੱਖ ਵਿੱਚ ਪੈਦਾ ਹੋ ਜਾਣਾ ਸੌਖੀ ਗੱਲ ਨਹੀਂ ਹੈ ਕਿ ਰੱਬ ਦੇ ਮਾਰਗ ਵਿੱਚ ਜਾਨ ਦੇਣ ਨੂੰ ਤਿਆਰ ਹੋ ਜਾਏ, ਪਰ ਸਹਾਬਾ ਦੀ ਹਾਲਤ ਇਹ ਦਸਦੀ ਹੈ ਕਿ ਉਹਨਾਂ ਨੇ ਇਸ ਕਰਤਵ ਨੂੰ ਪੂਰਾ ਕੀਤਾ ਜੱਦ ਉਹਨਾਂ ਨੂੰ ਹੁਕਮ ਹੋਇਤਆ ਕਿ ਇਸ ਮਾਰਗ ਵਿੱਚ ਜਾਨ ਦੇ ਦਿਓ ਤਾਂ ਫਿਰ ਦੁਨੀਆ ਵੱਲ ਨਹੀਂ ਝੁਕੇ । ਸੋ, ਇਹ ਜ਼ਰੂਰੀ ਗੱਲ ਹੈ ਕਿ ਤੁਸੀਂ ਧਰਮ ਨੂੰ ਦੁਨੀਆ ਉਪੱਰ ਪ੍ਰਾਥਮਕ ਕਰ ਲਓ । ਸੋ, ਇਹ ਸਾਡੇ ਲਈ ਪਦਚਿੰਨ੍ਹ ਹਨ । ਫ਼ਾਰਮਾਇਆ ਜਿਸ ਦਾ ਉਦੇਸ਼ ਦੁਨੀਆ ਹਾਸਲ ਕਰਨਾ ਹੈ ਉਹ ਇਸ ਜਮਾਤ ਵਿੱਚੋਂ ਨਹੀਂ ਹੈ । ਰੱਬ ਦੇ ਨੇੜੇ ਉਹੋ ਇਸ ਜਮਾਤ ਵਿੱਚ ਦਾਖ਼ਲ ਹੈ ਜੋ ਦੁਨੀਆ ਤੋਂ ਦਸਤਬਰਦਾਰ (ਬੇਦਾਅਵਾ) ਹੈ ।

ਫ਼ਰਮਾਇਆ ਚੇਤੇ ਰੱਖੋ ਕਿ ਰੱਬ ਦੇ ਨੇੜੇ ਉਹੋ ਮੋਮਨ ਤੇ ਬੈਅਤ ਵਿੱਚ ਦਾਖ਼ਲ ਹੁੰਦਾ ਹੈ ਜੋ ਧਰਮ ਨੂੰ ਦੁਨੀਆ ਉਪੱਰ ਪ੍ਰਾਥਮਕ ਕਰ ਲਏਗਾ ਜੇਕਰ ਦੁਨੀਆ ਪ੍ਰਾਪਤੀ ਦੇ ਮੰਤਵਾਂ ਨੂੰ ਪ੍ਰਾਥਮਕ ਕਰਦਾ ਹੈ ਤਾਂ ਉਹ ਇਸ ਇਕਰਾਰ ਨੂੰ ਤੋੜਦਾ ਹੈ ਅਤੇ ਰੱਬ ਦੇ ਨੇੜੇ ਉਹ ਮੁਜਰਮ ਹੈ । ਫ਼ਰਮਾਇਆ ਨਿਸ਼ਚੇ ਰੂਪ ਵਿੱਚ ਚੇਤੇ ਰੱਖੋ ਕਿ ਜੱਦ ਤੱਕ ਮਨੁੱਖ ਦੀ ਕਰਮਕ ਅਵਸਥਾ ਠੀਕ ਨ ਹੋਵੇ ਬੋਲੀ ਕੋਈ ਚੀਜ਼ ਨਹੀਂ ਇਹ ਨਿਰੀ ਮੂੰਹ ਦੀਆਂ ਗਪੱਾਂ ਹਨ ਸਚੱਾ ਇਮਾਨ ਓਹੋ ਹੈ ਜੋ ਮਨ ਵਿੱਚ ਦਾਖ਼ਲ ਹੋਵੇ ਅਤੇ ਉਸ ਦੇ ਕਰਮਾਂ ਨੂੰ ਆਪਣੇ ਪ੍ਰਭਾਵ ਨਾਲ ਰੰਗ ਦੇਵੇ । ਅਜਿਹੀ ਹੀ ਅਵਸਥਾ ਸਹਾਬਾ ਦੀ ਬਣ ਗਈ ਸੀ, ਉਹਨਾਂ ਦੇ ਮਾਨਸਕ ਨਿਸ਼ਚੇ ਤੇ ਮਨੋਕਾਮਨਾਵਾਂ ਉਕੱਾ ਹੀ ਦੂਰ ਹੋ ਗਏ ਸਨ । ਫਿਰ ਆਪ ਫ਼ਰਮਾਉਂਦੇ ਹਨ ਕਿ ਬੈਅਤ ਕਰਨ ਦੇ ਬਾਦ ਇਕ ਅਹਮਦੀ ਨੂੰ ਕੀ ਹੋਣਾ ਚਾਹੀਦਾ ਹੈ ਅਤੇ ਕਿਸ ਪ੍ਰਕਾਰ ਦਾ ਮਜ਼ਬੂਤ ਸੰਬੰਧ ਹੋਣਾ ਚਾਹੀਦਾ ਹੈ ਉਸ ਦਾ ਜਮਾਤ ਨਾਲ, ਫ਼ਰਮਾਇਆ ਕਿ ਜਿਸ ਸ਼ਾਖ਼ਾ ਦਾ ਸੰਬੰਧ ਰੁੱਖ ਨਾਲ ਨਹੀਂ ਰਹਿੰਦਾ ਅਖੀਰ ਉਹ ਸੁੱਕ ਕੇ ਡਿੱਗ ਜਾਂਦੀ ਹੈ । ਜੋ ਵਿਅਕਤੀ ਜੀਉਂਦਾ ਇਮਾਨ ਰਖੱਦਾ ਹੈ ਉਹ ਦੁਨੀਆ ਦੀ ਪਰਵਾਹ ਨਹੀਂ ਕਰਦਾ । ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਵਾਲਾ ਵਿਅਕਤੀ ਹੀ ਮੁਬਾਰਕ ਹੈ ਪਰ ਜੋ ਦੁਨੀਆ ਨੂੰ ਧਰਮ ਉਪੱਰ ਪਹਿਲ ਦਿੰਦਾ ਹੈ ਉਹ ਇਕ ਮੁਰਦਾਰ ਵਾਂਗ ਹੈ ਜੋ ਕਦੇ ਵੀ ਸੱਚੀ ਨੁਸਰਤ (ਸਹਾਇਤਾ) ਦਾ ਮੂੰਹ ਨਹੀਂ ਦੇਖਦਾ। ਇਹ ਬੈਅਤ ਉਸ ਸਮੇਂ ਕੰਮ ਆ ਸਕਦੀ ਹੈ ਜੱਦ ਧਰਮ ਨੂੰ ਦੁਨੀਆ ਉਪੱਰ ਪ੍ਰਾਥਮਕ ਕਰ ਲਿਆ ਜਾਏ ਅਤੇ ਇਸ ਵਿੱਚ ਤਰੱਕੀ ਕਰਨ ਦਾ ਜਤਨ ਹੋਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇੱਥੇ ਆਉਣ ਵਾਲਿਆਂ ਨੂੰ ਮੈਂ ਇਹ ਵੀ ਕਹਿ ਦਿਆਂ ਕਿ ਰੱਬ ਨੇ ਇੱਥੇ ਆਪ ਦੇ ਹਾਲਾਤ ਚੰਗੇ ਕੀਤੇ ਹਨ, ਧਾਰਮਕ ਆਜ਼ਾਦੀ ਦਿੱਤੀ, ਇਬਾਦਤ ਕਰਨ ਦੇ ਹੱਕ ਪੂਰਾ ਕਰ ਸਕਦੇ ਹਨ ਅਤੇ ਆਜ਼ਾਦੀ ਨਾਲ ਆਪਣੇ ਧਰਮ ਦਾ ਪ੍ਰਕਟਨ ਕਰ ਸਕਦੇ ਹਨ । ਇਸ ਲਈ ਇੱਥੇ ਆਉਣ ਵਾਲੇ ਅਹਮਦੀਆਂ ਲਈ ਜ਼ਰੂਰੀ ਹੈ ਕਿ ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਲਈ ਪੂਰਾ ਜਤਨ ਕਰਨ ਅਤੇ ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਨ ਲਈ ਆਪਣੇ ਸਾਰਿਆਂ ਜਤਨਾਂ ਤੇ ਸ਼ਕਤੀਆਂ ਨੂੰ ਵਰਤਨ । ਨਮਾਜ਼ਾਂ ਵਿੱਚ ਇਕ ਪ੍ਰਕਾਰ ਦੀ ਤਬਦੀਲੀ ਹੋਣੀ ਚਾਹੀਦੀ ਹੈ ਨਮਾਜ਼ਾਂ ਵਿੱਚ ਵਿਸ਼ੇਸ਼ ਧਿਆਨ ਹੋਣਾ ਚਾਹੀਦਾ ਹੈ । ਮਸਜਿਦਾਂ ਬਣਾ ਲਈਆਂ ਤਾਂ ਇਹਨਾਂ ਦੇ ਹੱਕ ਪੂਰੇ ਕਰਨ ਦਾ ਵੀ ਜਤਨ ਹੋਣਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਕ ਬਹੁਤ ਜ਼ਰੂਰੀ ਨਸੀਹਤ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਅੱਜ ਕੱਲ ਜ਼ਮਾਨਾ ਬਹੁਤ ਖ਼ਰਾਬ ਹੋ ਰਿਹਾ ਹੈ ਭਾਂਤ ਭਾਂਤ ਦੇ ਸ਼ਿਰਕ, ਕੁਰੀਤੀਆਂ ਅਤੇ ਕਈ ਖ਼ਰਾਬੀਆਂ ਪੈਦਾ ਹੋ ਗਈਆਂ ਹਨ, ਬੈਅਤ ਸਮੇਂ ਜੋ ਇਕਰਾਰ ਕੀਤਾ ਜਾਂਦਾ ਹੈ ਕਿ ਧਰਮ ਨੂੰ ਦੁਨੀਆ ਉਪੱਰ ਪਹਿਲ ਦਿਆਂਗਾ ਇਹ ਇਕਰਾਰ ਰੱਬ ਦੇ ਸਾਹਮਣੇ ਇਕਰਾਰ ਹੈ । ਹੁਣ ਚਾਹੀਦਾ ਹੈ ਕਿ ਇਸ ਉਪੱਰ ਮੌਤ ਤੱਕ ਚੰਗੀ ਤਰ੍ਹਾਂ ਕਾਇਮ ਰਹੇ ਵਰਨਾ ਸਮਝੋ ਕਿ ਬੈਅਤ ਨਹੀਂ ਕੀਤੀ ਅਤੇ ਜੇਕਰ ਕਾਇਮ ਹੋ ਗਏ ਤਾਂ ਰੱਬ ਧਰਮ ਤੇ ਦੁਨੀਆ ਵਿੱਚ ਬਰਕਤ ਦੇਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਾਰਨਿੰਗ ਦਿੱਤੀ ਹੋਈ ਹੈ । ਇਸ ਲਈ ਸਾਨੂੰ ਆਪਣੇ ਸੁਧਾਰ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਦੁਨੀਆ ਨੂੰ ਵੀ ਦਸੱਣਾ ਚਾਹੀਦਾ ਹੈ ਕਿ ਇਹ ਆਫ਼ਤਾਂ ਕੋਈ ਸਧਾਰਣ ਆਫ਼ਤਾਂ ਨਹੀਂ ਹਨ । ਇਹਨਾਂ ਦੀਆਂ ਭਵਿੱਖਬਾਣੀਆਂ ਸੌ ਸਾਲ ਪਹਿਲਾਂ ਹੋ ਚੁਕੀਆਂ ਹਨ ਅਤੇ ਇਹਨਾਂ ਤੋਂ ਬਚਣ ਦਾ ਇਕ ਹੀ ਤਰੀਕਾ ਹੈ ਕਿ ਮਨੁੱਖ ਰੱਬ ਵੱਲ ਆਏ । ਹੁਣ ਵੀ ਜੇਕਰ ਹੋਸ਼ ਨਹੀਂ ਕੀਤਾ ਗਿਆ ਤਾਂ ਫਿਰ ਬਚਣਾ ਅਸੰਭਵ ਹੈ । ਇਸੇ ਪ੍ਰਕਾਰ ਮਨੁੱਖ ਨੇ ਆਪ ਆਪਣੇ ਲਈ ਔਕੁੜਾਂ ਪੈਦਾ ਕਰ ਲਈਆਂ ਹਨ, ਜੰਗਾ ਤੇ ਜੁੱਧ ਹਨ ਜ਼ੁਲਮ ਕੀਤਾ ਜਾ ਰਿਹਾ ਹੈ ਪਰ ਰੱਬ ਬਹੁਤ ਢਿੱਲ ਦਿੰਦਾ ਹੈ, ਜੱਦ ਉਹ ਜ਼ੁਲਮ ਰੱਬ ਨੇੜੇ

ਅਤਿ ਨੂੰ ਪਹੁੰਚ ਗਿਆ ਤਾਂ ਫਿਰ ਇਹਨਾ ਜ਼ੁਲਮ ਕਰਨ ਵਾਲੀਆਂ ਕੌਮਾ ਦੀ ਵੀ ਤਬਾਹੀ ਹੈ ਅਤੇ ਕੇਵਲ ਇਸ ਸਮੇਂ ਉਹ ਲੋਕ ਬਚ ਸਕਦੇ ਹਨ ਜਿੰਨ੍ਹਾ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਸ਼ੇਅਰ (ਕਾਵਿ ਪੰਕਤੀ) ਵਿੱਚ ਫ਼ਰਮਾਇਆ :

ਆਗ ਹੈ ਪਰ ਆਗ ਸੇ ਵੋਹ ਸਬ ਬਚਾਏ ਜਾਏਂਗਾ    ਜੋ ਰਖੱਤੇ ਹੈਂ ਖ਼ੁਦਾਏ ਜੁਲ ਅਜਾਇਬ ਸੇ ਪਿਆਰ

ਸੋ, ਇਸ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੈ, ਆਪਣੇ ਆਪ ਨੂੰ ਬਚਾਉਣ ਲਈ ਵੀ ਦੁਨੀਆ ਨੂੰ ਬਚਾਉਣ ਲਈ ਸਾਨੂ ਜਤਨ ਕਰਨ ਦੀ ਲੋੜ ਹੈ ਅਤੇ ਇਸ ਕਾਰਜ ਵਿੱਚ ਆਪਣੇ ਸਾਰੇ ਜਤਨ ਤੇ ਸ਼ਕਤੀਆਂ ਨੂੰ ਵਰਤਨਾ ਹੋਵੇਗਾ ਕਿ ਰੱਬ ਦੀ ਰਜ਼ਾ ਨੂੰ ਅਸੀਂ ਕਿਵੇਂ ਹਾਸਲ ਕਰੀਏ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਇਹ ਜਮਾਤ ਇਸ ਲਈ ਹੈ ਕਿ ਮਨੁੱਖ ਰੱਬ ਵੱਲ ਆਏ ਭਾਵੇਂ ਰੱਬ ਵੱਲ ਆਉਣਾਂ ਬਹੁਤ ਔਖਾ ਹੈ ਅਤੇ ਇਕ ਪ੍ਰਕਾਰ ਦੀ ਮੌਤ ਹੈ ਪਰ ਅਖੀਰ ਜੀਵਨ ਵੀ ਇਸੇ ਵਿੱਚ ਹੈ । ਜੋ ਆਪਣੇ ਅੰਦਰੋਂ ਸ਼ੈਤਾਨੀ ਹਿਸੱਾ ਕਢੱਕੇ ਸੁਟ ਦਿੰਦਾ ਹੈ ਉਹ ਮੁਬਾਰਕ ਇਨਸਾਨ ਹੁੰਦਾ ਹੈ ਅਤੇ ਉਸ ਦੇ ਘਰ, ਆਪੇ ਤੇ ਸ਼ਹਿਰ ਹਰ ਥਾਂ ਉਸ ਦੀ ਬਰਕਤ ਪਹੁੰਚਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਰੱਬ ਕਰੇ ਕਿ ਅਸੀਂ ਬੈਅਤ ਦੇ ਹੱਕ ਪੂਰੇ ਕਰਦਿਆਂ ਹੋਇਆਂ ਆਪਣੇ ਅੰਦਰ ਪਾਕ ਤਬਦੀਲੀਆਂ ਪੈਦਾ ਕਰਨ ਵਾਲੇ ਬਣੀਏ ਅਤੇ ਦੁਨੀਆ ਵਿੱਚ ਰਹਿੰਦਿਆਂ ਹੋਇਆਂ ਧਰਮ ਨੂੰ ਪਹਿਲ ਦੇਣ ਦਾ ਪ੍ਰਣ ਪੂਰਾ ਕਰਨ ਵਾਲੇ ਹੋਈਏ ਅਤੇ ਰੱਬ ਦੀਆਂ ਉਹਨਾਂ ਮਿਹਰਾਂ ਦੇ ਵਾਰਸ ਬਣੀਏ ਜਿੰਨ੍ਹਾ ਦਾ ਵਾਦਾ ਅਲੱਾਹ ਤਆਲਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੀਤਾ ਹੈ ।

**Khulasa Khutba Jumma 26.10.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131